ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
(ਪ੍ਰਮੋਸ਼ਨ ਸੈੱਲ)

ਹੁਕਮ ਨੰਬਰ (ਈ-558091/2023)/(ਪੀ-3)/ 2024 55 666
ਮਿਤੀ, ਐਸ.ਏ.ਐਸ.ਨਗਰ- 23.02.2024

ਇਸ ਦਫ਼ਤਰ ਦੇ ਹੁਕਮ ਨੰਬਰ (ਈ-558091/2023)/(ਪੀ-3)/202452469 ਮਿਤੀ, ਐਸ.ਏ.ਐਸ.ਨਗਰ 23.02.2024 ਦੀ ਲਗਾਤਾਰਤਾ ਵਿੱਚ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ (ਟੀਚਿੰਗ ਕਾਡਰ) ਗਰੁੱਪ ਸੀ ਸਰਵਿਸ ਰੂਲਜ 2018 ਦੀ ਪਹਿਲੀ ਸੋਧ ਸਾਲ 2020 ਵਿੱਚ ਕੀਤੇ ਉਪਬੰਧਾਂ ਤਹਿਤ, ਖੇਤਰੀ ਦਫ਼ਤਰਾਂ ਅਤੇ ਮੁੱਖ ਦਫ਼ਤਰ ਵਿੱਚ ਕੰਮ ਕਰਦੇ ਨਾਨ-ਟੀਚਿੰਗ ਕਾਡਰ (ਕਲਰਕ / ਜੂਨੀਅਰ ਸਹਾਇਕ, ਲਾਇਬ੍ਰੇਰੀਅਨ / ਸਹਾਇਕ ਲਾਇਬ੍ਰੇਰੀਅਨ, ਸਟੈਨੋ-ਟਾਈਪਿਸਟ, ਜੂਨੀਅਰ ਸਕੇਲ ਸਟੈਨੋਗ੍ਰਾਫਰ, ਲਾਇਬ੍ਰੇਰੀ ਰਿਸਟੋਰਰ ਅਤੇ ਐਸ.ਐਲ.ਏ.) ਦੇ ਕਰਮਚਾਰੀਆਂ ਤੋਂ ਬਤੌਰ ਮਾਸਟਰ ਕਾਡਰ ਪਦ-ਉੱਨਤੀਆਂ ਲਈ ਦਿੱਤੇ ਗਏ 1% ਕੋਟੇ ਅਧੀਨ ਮਾਸਟਰ ਕਾਡਰ ਦੇ **ਹਿੰਦੀ ਵਿਸ਼ੇ** ਲਈ ਪੇ-ਸਕੇਲ Punjab Civil Services (Revised Pay) Rules 2021 ਦੇ ਲੈਵਲ 10 ਵਿੱਚ ਹੇਠ ਲਿਖੇ ਕਰਮਚਾਰੀਆਂ ਦੀ ਪਦ-ਉੱਨਤੀ ਕੀਤੀ ਜਾਂਦੀ ਹੈ-

| ਲੜੀ ਨੰਬਰ | ਇੰਟਰਸੇ ਸੀਨੀ. ਨੰਬਰ | ਸਟਾਫ ਆਈ.ਡੀ. e-punjab / iHRMS | ਕਰਮਚਾਰੀ ਦਾ ਨਾਮ | ਅਹੁਦਾ | ਮੌਜੂਦਾ ਕੰਮ ਕਰਨ ਦਾ ਸਥਾਨ | ਕੈਟਾਗਰੀ | ਜਨਮ ਮਿਤੀ | ਰੋਸਟਰ ਨੁਕਤਾ |
|---|---|---|---|---|---|---|---|---|
| 1 | 14 | 627670378 | ਗੁਰਬੀਰ ਕੌਰ | ਐਸ.ਐਲ.ਏ. | ਸਕੰਸਸਸ ਧੂਰੀ (ਸੰਗਰੂਰ) | ਐਸ.ਸੀ. | ਐਸ.ਐਲ.ਏ. | ਅ.ਜਾਤੀ ਰੋਸਟਰ ਨੁਕਤਾ 56 ਵਿਰੁੱਧ |
| 2 | 9-ਏ | 834417670 96106 | ਆਸ਼ੀਮਾ | ਲਾਇਬ੍ਰੇਰੀਅਨ | ਸਸਸਸ (ਸਮਾ) ਤਿੱਬੜ, ਗੁਰਦਾਸਪੁਰ | ਜਨਰਲ | ਲਾਇਬ੍ਰੇਰੀ ਰਿਸਟੋਰਰ | |

ਸ਼ਰਤਾਂ-

1. ਇਹ ਤਰੱਕੀਆਂ "ਪੰਜਾਬ ਐਜੁਕੇਸ਼ਨਲ (ਟੀਚਿੰਗ ਕਾਡਰ) ਗਰੁੱਪ-ਸੀ, ਰੂਲਜ਼ 2018", "ਪੰਜਾਬ ਐਜੁਕੇਸ਼ਨਲ (ਟੀਚਿੰਗ ਕਾਡਰ) ਬਾਰਡਰ ਏਰੀਆ, ਗਰੁੱਪ-ਸੀ, ਰੂਲਜ਼ 2018 "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਗਰੁੱਪ-ਸੀ, ਸੇਵਾਵਾਂ (ਪਹਿਲੀ ਸੋਧ), ਰੂਲਜ਼, 2020" ਅਤੇ "ਪੰਜਾਬ ਐਜੁਕੇਸ਼ਨਲ (ਟੀਚਿੰਗ ਕਾਡਰ) ਬਾਰਡਰ ਏਰੀਆ, ਗਰੁੱਪ-ਸੀ ਸੇਵਾਵਾਂ (ਪਹਿਲੀ ਸੋਧ) ਰੂਲਜ਼ 2020" ਅਤੇ "ਪੰਜਾਬ ਐਜੂਕੇਸ਼ਨਲ (ਟੀਚਿੰਗ ਕਾਡਰ) ਗਰੁੱਪ-ਸੀ, ਸੇਵਾਵਾਂ (ਸੋਧ), ਰੂਲਜ਼, 2021 " , "ਪੰਜਾਬ ਐਜੁਕੇਸ਼ਨਲ (ਟੀਚਿੰਗ ਕਾਡਰ) ਬਾਰਡਰ ਏਰੀਆ, ਗਰੁੱਪ-ਸੀ ਸੇਵਾਵਾਂ (ਸੋਧ) ਰੂਲਜ਼ 2021 " ਅਨੁਸਾਰ ਅਨੁਸਾਰ ਕੀਤੀਆਂ ਗਈਆਂ ਹਨ।
2. ਸਬੰਧਤ ਕਰਮਚਾਰੀ/ਕਰਮਚਾਰਨ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਅਨੁਸਾਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਨਿਯਮਾਂ ਅਨੁਸਾਰ (ਬੀ.ਏ./ ਬੀ.ਐਸ.ਸੀ./ ਬੀ.ਐਡ. ਆਦਿ) ਪਾਸ ਹੋਵੇ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ / ਨਿਯਮਾਂ ਅਨੁਸਾਰ ਵਿਸ਼ਾ ਜੋੜ ਦੀ ਸ਼ਰਤ ਪੂਰੀ ਕਰਦਾ / ਕਰਦੀ ਹੋਵੇ।
3. ਸਬੰਧਤ ਸਕੂਲ ਮੁਖੀ ਕਰਮਚਾਰੀ / ਕਰਮਚਾਰਨ ਨੂੰ ਫਾਰਗ ਕਰਨ ਤੋਂ ਪਹਿਲਾਂ ਉਸ ਦੇ ਮੁਕੰਮਲ ਸੇਵਾ ਰਿਕਾਰਡ ਅਤੇ ਵਿਦਿਅਕ ਯੋਗਤਾਵਾਂ ਸਬੰਧੀ ਰਿਕਾਰਡ (ਨਿਯਮਾਂ ਅਨੁਸਾਰ) ਚੈੱਕ ਕਰਨਗੇ।
4. ਸਬੰਧਤ ਪਦ-ਉੱਨਤ ਕੀਤਾ ਗਿਆ ਕਰਮਚਾਰੀ ਰੈਗੂਲਰ ਤੌਰ ਤੇ ਕੰਮ ਕਰਦਾ ਹੋਣਾ ਚਾਹੀਦਾ ਹੈ ਅਤੇ ਤਰੱਕੀ ਤੋਂ ਪਹਿਲਾ ਵਾਲੀ ਆਸਾਮੀ ਤੇ ਉਸਦਾ ਪਰਖ ਕਾਲ ਸਮਾਂ ਕਲੀਅਰ ਹੋਣਾ ਚਾਹੀਦਾ ਹੈ।
5. ਡਿਪਾਰਟਮੈਂਟ ਆਫ ਪ੍ਰਸੋਨਲ ਐਂਡ ਐਡਮਨਿਸਟ੍ਰੇਟਿਵ ਰੀਫਾਰਮਸ (ਪਰਸੋਨਲ ਪਾਲਿਸੀ ਬਰਾਂਚ-1) ਦੀ ਨੋਟੀਫਿਕੇਸ਼ਨ ਮਿਤੀ 04.05.1994 ਅਨੁਸਾਰ ਪੰਜਾਬ ਸਿਵਲ ਸਰਵਿਸਜ਼ (ਜਨਰਲ ਐਂਡ ਕਾਮਨ ਕੰਡੀਸ਼ਨਜ਼ ਆਫ ਸਰਵਿਸਜ਼) ਰੂਲ 1994 ਤਹਿਤ ਤਰੱਕੀ ਉਪਰੰਤ ਸਮੇਂ ਸਿਰ ਹਾਜਰ ਨਾ ਹੋਣ ਵਾਲੇ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਡੀਬਾਰ ਕੀਤਾ ਜਾਵੇਗਾ।
6. ਇਹ ਪਦ-ਉੱਨਤੀ ਦੇ ਹੁਕਮ, ਭਵਿੱਖ ਵਿੱਚ ਕਿਸੇ ਤਰ੍ਹਾਂ ਦੇ ਤੱਥ ਗਲਤ ਸਾਬਿਤ ਹੋਣ ਦੀ ਸੂਰਤ ਵਿੱਚ ਜਾਂ ਸਬੰਧਤ ਕਰਮਚਾਰੀ ਵੱਲੋਂ ਈ-ਪੰਜਾਬ / ਆਈ.ਐੱਚ.ਆਰ.ਐਮ.ਐਸ, ਪੋਰਟਲ ਤੇ ਗਲਤ ਵੇਰਵੇ ਕਾਰਨ ਜਾਂ ਸਬੰਧਤ ਕਰਮਚਾਰੀ ਦੇ ਕੰਮ ਅਤੇ ਆਚਰਣ ਤਸੱਲੀਬਖਸ਼ ਨਾ ਹੋਣ ਕਾਰਨ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਰੱਦ ਕਰ ਦਿੱਤੇ ਜਾਣਗੇ।

7. ਸਬੰਧਤ ਕਰਮਚਾਰੀ/ਕਰਮਚਾਰਨ ਦੀ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਸੀਨੀਆਰਤਾ ਨਿਯਮਾਂ ਅਨੁਸਾਰ ਫਿਕਸ ਕੀਤੀ ਜਾਵੇਗੀ। ਕਰਮਚਾਰੀ/ਕਰਮਚਾਰਨ ਨੂੰ ਵਿੱਤੀ ਲਾਭ ਉਸ ਦੀ ਹਾਜਰੀ ਦੀ ਮਿਤੀ ਤੋਂ ਮਿਲਣ ਯੋਗ ਹੋਣਗੇ।

8. ਸਬੰਧਤ ਕਰਮਚਾਰੀ/ਕਰਮਚਾਰਨ ਵਿਰੁੱਧ ਕੋਈ ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਦੀ ਸੂਰਤ ਵਿੱਚ ਹੀ ਉਸ ਨੂੰ ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਵਾਇਆ ਜਾਵੇ।

9. ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜਿਨ੍ਹਾਂ ਕਰਮਚਾਰੀਆਂ ਨੇ ਵਿਭਾਗੀ ਸੇਵਾ ਦੌਰਾਨ ਪੱਤਰ- ਵਿਹਾਰ/ਰੈਗੂਲਰ ਮੋਡ ਰਾਹੀਂ ਵਿਦਿਅਕ ਯੋਗਤਾਵਾਂ ਹਾਸਲ ਕੀਤੀਆ ਹਨ, ਉਨ੍ਹਾਂ ਨੇ ਵਿਭਾਗੀ ਮੰਜੂਰੀ ਲਈ ਹੋਵੇ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਜੇਕਰ ਅਜਿਹੇ ਕਰਮਚਾਰੀਆਂ ਨੇ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਰੈਗੂਲਰ ਤੌਰ ਤੇ ਪ੍ਰਾਪਤ ਕੀਤੀਆਂ ਹਨ, ਤਾਂ ਇਸ ਸਬੰਧੀ ਸਮਰੱਥ ਅਧਿਕਾਰੀ ਤੋਂ ਲੋੜੀਂਦੀ ਛੁੱਟੀ ਦੀ ਮੰਜੂਰੀ ਪ੍ਰਾਪਤ ਕੀਤੀ ਹੋਵੇ।

10. ਜੇਕਰ ਕਿਸੇ ਕਾਰਨ ਵੱਖ-ਵੱਖ ਵਿਸ਼ਿਆਂ ਵਿੱਚ ਪਦ-ਉਨਤ ਕਰਮਚਾਰੀਆਂ ਤੋਂ ਸੀਨੀਅਰ ਕਰਮਚਾਰੀ ਤਰੱਕੀ ਲੈਣ ਤੋਂ ਵਾਂਝਾ ਰਹਿ ਗਿਆ ਹੋਵੇ ਅਤੇ ਉਸ ਦੀ ਤਰੱਕੀ ਕਾਰਨ ਕਿਸੇ ਕਰਮਚਾਰੀ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਰਿਵਰਟ ਕਰ ਦਿੱਤਾ ਜਾਵੇਗਾ।

11. ਇਹ ਤਰੱਕੀ ਇੱਕ ਸਾਲ ਦੇ ਸਮੇਂ ਲਈ ਪ੍ਰਬੇਸ਼ਨ ਤੇ ਹੋਵੇਗੀ।

12. ਐਲ.ਪੀ.ਏ. 1843 ਆਫ 2019- ਸਟੇਟ ਆਫ ਪੰਜਾਬ ਅਤੇ ਹੋਰ ਬਨਾਮ ਕਰਮਜੀਤ, ਸਿ.ਰਿ.ਪ. ਨੰ. 13563 ਆਫ 2016 ਬਲਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿ.ਰਿ.ਪ. ਨੰ. 13463 ਆਫ 2020 ਅਮਨਦੀਪ ਕੋਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਸਿ.ਰਿ.ਪ. ਨੰ. 12535 ਆਫ 2020 ਪ੍ਰਦੀਪ ਕੁਮਾਰ ਗੁਪਤਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਸਬੰਧਤ ਮੇਲ ਖਾਦੀਆਂ ਰਿੱਟ ਪਟੀਸ਼ਨਾਂ/ ਹੋਰ ਕਿਸੇ ਵੀ ਸਬੰਧਤ ਕੋਰਟ ਕੇਸ ਵਿੱਚ ਹੋਣ ਵਾਲਾ ਅੰਤਿਮ ਫੈਸਲਾ ਇਹਨਾਂ ਤਰੱਕੀਆਂ ਤੇ ਲਾਗੂ ਹੋਵੇਗਾ। ਪਦ-ਉਨਤੀਆਂ ਬਿਲਕੁੱਲ ਆਰਜੀ ਹਨ ਅਤੇ ਉਕਤ ਰਿੱਟ ਪਟੀਸ਼ਨਾਂ/ਹੋਰ ਸਬੰਧਤ ਮੇਲ ਖਾਦੀਆਂ ਰਿੱਟ ਪਟੀਸ਼ਨਾਂ ਦੇ ਫੈਸਲੇ ਉਪਰ ਨਿਰਭਰ ਕਰਨਗੀਆਂ।

13. ਇਹ ਪਦ-ਉਨਤ ਕਰਮਚਾਰੀ/ਕਰਮਚਾਰਨ ਤੁਰੰਤ ਆਪਣੀ ਹਾਜਰੀ ਸਬੰਧਤ ਜਿਲੇ ਦੇ ਦਫ਼ਤਰ ਨੂੰ ਪੇਸ਼ ਕਰਨਗੇ।

14. ਸਬੰਧਤ ਡੀ.ਡੀ.ਓ. ਕਰਮਚਾਰੀਆਂ ਦੀ ਤਨਖਾਹ ਫਿਕਸ ਕਰਦੇ ਸਮੇਂ ਛੇਵੇਂ ਪੇ-ਕਮਿਸ਼ਨ ਅਧੀਨ ਕਰਮਚਾਰੀਆਂ ਵੱਲੋਂ ਦਿੱਤੀਆਂ ਗਈਆਂ ਆਪਸ਼ਨਾਂ ਨੂੰ ਧਿਆਨ ਵਿੱਚ ਰੱਖਣਗੇ।

ਪਰਮਜੀਤ ਸਿੰਘ

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰਬਰ- ਉਕਤ/2024 55666 ਮਿਤੀ, ਐਸ.ਏ.ਐਸ.ਨਗਰ-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ / ਐਸਿ) ਨੂੰ ਸਬੰਧਤ ਪਦ-ਉੱਨਤ ਕਰਮਚਾਰੀਆਂ ਨੂੰ ਉਕਤ ਸ਼ਰਤਾਂ ਅਧੀਨ ਫਾਰਗ / ਹਾਜਰ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ।
2. ਸਬੰਧਤ ਸਕੂਲ ਮੁਖੀ / ਸੰਸਥਾਂ ਦਾ ਮੁਖੀ ।
3. ਸਬੰਧਤ ਕਰਮਚਾਰੀ / ਕਰਮਚਾਰਨ ਇਹਨਾਂ ਹੁਕਮਾਂ ਦੀ ਕਾਪੀ www.ssapunjab.org ਤੋਂ ਪ੍ਰਾਪਤ ਕਰਨਗੇ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)